# ਬਾਂਝ

(ਨਾਟਕ ਸ਼ੁਰੂ ਹੋਣ ’ਤੇ ਬਾਪੂ ਜੀ ਇਕ ਕੁਰਸੀ ’ਤੇ ਬੈਠੇ ਅਖ਼ਬਾਰ ਪੜ੍ਹ ਰਹੇ ਹਨ। ਬੇਜੀ ਗੁੱਸੇ ਦੀ ਮੁੱਦਰਾ ਵਿਚ ਪਹਿਲੇ ਕਪੜੇ ਝਾੜਦੀ ਹੈ ਤੇ ਫਿਰ ਉਨ੍ਹਾਂ ਨੂੰ ਤਹਿ ਕਰਦੀ ਹੈ।)

ਬਾਪੂ ਜੀ : ਕੀ ਗੱਲ ਏ ? ਅੱਜਕਲ ਬੜੀ ਗੁਸੇ ਗੁਸੇ ਰਹਿਨੀ ਏ ? ਨੂੰਹ ਵੀ ਬੜੀ ਉਦਾਸ ਲੱਗਦੀ ਏ।

ਬੇਜੀ : ਪਾਖੰਡ ਕਰਦੀ ਏ। ਇਹਦੇ ਨਾਲ ਦੀਆਂ ਵਿਆਹੀਆਂ ਦੇ ਤਿੰਨ-ਤਿੰਨ ਚਾਰ-ਚਾਰ ਨਿਆਣੇ ਹੋ ਗਏ ਪਰ ਇਹ ਵੇ ਕਿ ਸੁੱਕੀ ਟਾਹਣੀ ਲਟਕ ਰਹੀ ਏ, ਜਿਸਤੇ ਫਲ ਤੇ ਕੀ ਕਦੇ ਫੁੱਲ ਵੀ ਨਹੀਂ ਟਹਿਕਿਆ।

ਬਾਪੂ ਜੀ : ਇਸ ਵਿਚ ਇਹਦਾ ਕੀ ਕਸੂਰ ?

ਬੇਜੀ : ਆਹੋ ਇਹਦਾ ਕੀ ਕਸੂਰ ? ਸਾਡੇ ਹੀ ਭਾਗ ਫੁੱਟੇ ਨੇ। ਕਿਸ ਚਾਅ ਨਾਲ ਵਿਆਹਿਆ ਸੀ ਪੁੱਤ ਨੂੰ, ਕਿਸ ਤਰ੍ਹਾਂ ਇਸਨੂੰ ਸਿਰ ’ਤੇ ਬਿਠਾਇਆ। ਇਸਦੀ ਨਿੱਕੀ ਜਿਹੀ ਗੱਲ ’ਤੇ ਸਾਰਾ ਟੱਬਰ ਭੰਬੀਰੀ ਵਾਂਗ ਘੁੰਮਦਾ ਰਿਹਾ। ਪੁੱਤਰ ਮੇਰਾ ਰੋਜ਼ ਇਹਦੇ ਲਈ ਨਵੇਂ-ਨਵੇਂ ਸੂਟ ਸਾੜੀਆਂ ਖਰੀਦਦਾ, ਵਾਰ ਤਿਹਾਰ ਤੇ ਸੋਨੇ ਦੇ ਗਹਿਣੇ ਬਿਨਾਂ ਮਤਲਬ ਹੀ ਬਣਵਾ ਦਿੰਦਾ। ਹਰ ਐਤਵਾਰ ਸ਼ਹਿਰ ਫਿਲਮ ਵਿਖਾਉਣ ਲੈ ਜਾਂਦਾ।

*(ਇਹ ਮਹਿਸੂਸ ਕਰਕੇ ਕਿ ਬਾਊ ਜੀ ਉਹਦੀ ਗੱਲ ਵੱਲ ਧਿਆਨ ਨਹੀਂ ਦੇ ਰਹੇ, ਇਸ ਲਈ ਥੋੜਾ ਹੋਰ ਤਲਖ ਹੋ ਕੇ। ਮੇਰੀ ਗੱਲ ਸੁਣਦੇ ਪਏ ਹੋ ?*

ਬਾਪੂ ਜੀ : ਹਾਂ ਤੂੰ ਗੱਲ ਪਈ ਕਰਦੀ ਸੀ ਕਿ ਤੇਰੇ ਭਾਗ ਫੁੱਟ ਗਏ ਨੇ।

ਬੇਜੀ : ਲੋਕੀ ਕਹਿੰਦੇ ਸੀ ਕਿ ਵੱਡੇ ਘਰ ਦੀ ਧੀ ਏ, ਕਿੰਨਾ ਦਾਜ ਲਿਆਈ ਏ, ਪਰ ਮੈਂ ਮੇਜ਼ ਕੁਰਸੀਆਂ ਫੂਕਣੀਆਂ ਨੇ ਜਦੋਂ ਮੇਰੇ ਪੁੱਤ ਦੀ ਜੜ੍ਹ ਹੀ ਨਹੀਂ ਲੱਗੀ। ਤੇ ਹੁਣ ਮੇਰੀ ਸੁਣ ਲਓ।

ਬਾਪੂ ਜੀ : ਹੁਣ ਕੀ ਸੁਣ ਲਵਾਂ ਤੇਰੀ ?

ਬੇਜੀ : ਮੈਂ ਕਿਸੇ ਗਰੀਬ ਦੇ ਘਰੋਂ ਪੈਰ ਫੜਕੇ ਰਿਸ਼ਤਾ ਮੰਗ ਲਿਆਵਾਂਗੀ, ਪਰ ਹੁਣ ਇਹ ਨਹੀਂ ਹੋਣ ਦੇਣਾ ਕਿ ਇਹਦੇ ਵਰਗੀ ਬਾਂਝ ਕੁੱਖ ਵਾਲੀ ਤੀਵੀ ਦੇ ਮਗਰ ਜਾਕੇ ਆਪਣੇ ਪੁੱਤ ਦੀ ਜ਼ਿੰਦਗੀ ਗਾਲ ਦੇਵਾਂ।

ਬਾਪੂ ਜੀ : ਗੱਲ ਤੇ ਇਸ ਤਰ੍ਹਾਂ ਕਰਦੀ ਏਂ ਕਿ ਜਿਸ ਤਰ੍ਹਾਂ ਹਰ ਥਾਂ ’ਤੇ ਤੇਰਾ

ਹੀ ਰਾਜ ਚਲਦਾ ਏ। ਇਹਦੇ ਭਰਾਵਾਂ ਨੇ ਚੂੜੀਆਂ ਨਹੀਂ ਪਾਈਆਂ ਹੋਈਆਂ ਜੋ ਤੂੰ ਪੁੱਤਰ ਦਾ ਦੂਜਾ ਵਿਆਹ ਕਰ ਦੇਵੇਂਗੀ, ਅਗਲੇ ਗਲ ਨਾ ਲਾਹ ਦੇਣਗੇ।

ਬੇਜੀ : ਭਰਾਵਾਂ ਦਾ ਹੀ ਮਾਣ ਕਰਦੀ ਏ। ਜੇ ਏਨਾ ਹੀ ਮਾਣ ਏ ਤਾਂ ਜਾ ਕੇ ਕਿਉਂ ਉਨ੍ਹਾਂ ਦੇ ਟੱਕਰ ਨਹੀਂ ਮਾਰਦੀ। ਬਈ ਇਹਦਾ ਕੁਝ ਕਰਨ।

ਬਾਪੂ ਜੀ : ਹੋਰ ਕੀ ਕਰ ਦੇਣ ਉਹ? ਵਧੀਆ ਵਿਆਹ ਕਰ ਦਿੱਤਾ, ਪੜ੍ਹਾ ਦਿੱਤੀ, ਲਿਖਾ ਦਿੱਤੀ, ਡਿਪਲੋਮਾ ਕਰਵਾ ਦਿੱਤਾ, ਇਹੀ ਕੁਝ ਹੁੰਦੈ।

ਬੇਜੀ : ਮੈਂ ਕੀ ਕਰਨੇਂ ਨੇ ਇਹਦੇ ਡਪਲੋਮੇ? ਇਹਦੀ ਕਮਾਈ ਖਾਣੀ ਐ? ਅਖੇ ਫੰਡਰ ਪਸ਼ੂ ਨੂੰ ਨੀ ਕੋਈ ਘਰ 'ਚ ਰਖਦਾ ਇਹ ਤਾਂ ਤੀਵੀਏ, ਕਰਮ ਚੰਗੇ ਸਮਝੇ ਬਈ ਮੇਰਾ ਪੁੱਤ ਇਹਨੂੰ ਕਹਿੰਦਾ ਕੁਝ ਨਹੀਂ।

ਬਾਪੂ ਜੀ : ਉਹ ਵੀ ਕਹਿ ਲਵੇ, ਜੇ ਤੂੰ ਕੋਈ ਕਸਰ ਛੱਡ ਦਿੱਤੀ ਏ?

ਬੇਜੀ : ਨਾ ਮੈਂ ਕੀ ਕਿਹਾ?

ਬਾਪੂ ਜੀ : ਹਰ ਵੇਲੇ ਬਾਂਝ-ਬਾਂਝ ਕਹਿੰਦੀ ਰਹਿੰਦੀ ਏਂ, ਕਿਸੇ ਤੀਵੀ ਨੂੰ ਇਸ ਤੋਂ ਵੱਡੀ ਗਾਲ੍ਹ ਹੋਰ ਕੀ ਹੋ ਸਕਦੀ ਐ?

ਬੇਜੀ : ਬਾਂਝ ਨਹੀਂ ਤਾਂ ਹੋਰ ਸੱਤਾਂ ਪੁੱਤਾਂ ਦੀ ਮਾਂ ਏਂ, ਜੇ ਮੇਰਾ ਪੁੱਤ ਇਹਨੂੰ ਕਹਿੰਦਾ ਕੁਝ ਨਹੀਂ ਤਾਂ ਇਹਦਾ ਮਤਲਬ ਇਹ ਨਹੀਂ ਕਿ ਇਹ ਸਿਰ ਹੀ ਚੜ੍ਹੀ ਜਾਵੇ ਤੇ ਤੁਸੀਂ ਵੀ ਸੁਣੋ ਇਹਦੇ ਮਾਂ ਬਾਪ ਨੂੰ ਸੱਦੋ ਤੇ ਇਹਦਾ ਫੈਸਲਾ ਕਰੋ। ਹਰ ਵੇਲੇ ਗੁੰਮ ਸੁੰਮ ਰਹਿੰਦੀ ਏ, ਕੱਲ੍ਹ ਨੂੰ ਅੱਗ ਉੱਗ ਲਾ ਕੇ ਮਰਗੀ ਤਾਂ ਮੂੰਹ ਕਾਲਾ ਹੋ ਜੂ ਸਾਰੇ ਟੱਬਰ ਦਾ, ਜੇਲ੍ਹਾਂ ਭੁਗਤਦੇ ਫਿਰਾਂਗੇ।

ਬਾਪੂ ਜੀ : ਮੈਂ ਕਿਉਂ ਬੁਲਾਵਾਂ ਕਿਸੇ ਨੂੰ? ਇਸ ਘਰ ਵਿਚ ਨੂੰਹ ਰਾਣੀ ਦਾ ਵੀ ਉਹ ਹੱਕ ਏ ਜੋ ਮੇਰੇ ਪੁੱਤਰ ਦਾ। ਇਹ ਕੱਢਕੇ ਨਹੀਂ ਲਿਆਂਦੀ ਹੋਈ ਵਿਆਹ ਕੇ ਲਿਆਂਦੀ ਏ, ਤੇਰੇ ਪੁੱਤ ਨੇ ਫੇਰੇ ਲਏ, ਇਕੱਠੇ ਜੀਣ ਮਰਨ ਦੇ, ਦੁੱਖ-ਸੁੱਖ 'ਚ ਸਾਥ ਦੇਣ ਦੇ ਵਚਨ ਦਿੱਤੇ। ਹਜ਼ਾਰਾਂ ਬੰਦਿਆਂ ਦੇ ਸਾਹਮਣੇ ਸਭ ਕੁਝ ਹੋਇਆ। ਇਹ ਪਵਿੱਤਰ ਰਿਸ਼ਤੇ ਨੇ ਇਸ ਤਰ੍ਹਾਂ ਅਸਾਨੀ ਨਾਲ ਨਹੀਂ ਤੋੜੇ ਜਾ ਸਕਦੇ, ਬਾਕੀ ਬੱਚਾ ਨਹੀਂ ਤਾਂ ਓਦਾਂ ਵੀ ਸੋਚਾਂਗੇ। ਮੈਂ ਤਾਂ ਫੈਸਲਾ ਕੀਤਾ ਹੋਇਆ ਹੈ ਕਿ ਨੂੰਹ ਰਾਣੀ ਅਨਾਥ ਆਸ਼ਰਮ ਵਿਚੋਂ ਕਿਸੇ ਬਿਨ ਮਾਂ ਦੇ ਬੱਚੇ ਨੂੰ ਗੋਦ ਲੈ ਲਵੇ।

ਬੇਜੀ : ਬੱਚਾ ਨੂੰਹ ਰਾਣੀ ਨੇ ਗੋਦ ਲੈਣਾ ਏ ਤੇ ਫੈਸਲਾ ਤੁਸੀਂ ਕਰਦੇ ਹੋ।

ਬਾਪੂ ਜੀ : ਇਹੋ ਗੱਲ ਜੇ ਮੈਂ ਤੈਨੂੰ ਕਹਾਂ ਕਿ ਬੱਚਾ ਤੇਰੇ ਨੂੰਹ ਪੁੱਤ ਦਾ ਨਹੀਂ ਹੋਇਆ ਤੇ ਫੈਸਲੇ ਪੁੱਤ ਦੇ ਦੂਜੇ ਵਿਆਹ ਦੇ ਤੂੰ ਲੈਂਦੀ ਫਿਰਦੀ ਏਂ।

ਬਾਕੀ ਮੁੰਡੇ ਨੇ ਮੈਨੂੰ ਸਭ ਕੁਝ ਦੱਸ ਦਿੱਤਾ ਏ।

ਬੇਜੀ : ਕੀ ਦੱਸ ਦਿੱਤਾ ਏ?

ਬਾਪੂ ਜੀ : ਉਹਦੇ ਬਾਰੇ ਮੈਂ ਤੇਰੇ ਨਾਲ ਫਿਰ ਗੱਲ ਕਰਾਂਗਾ। ਹੁਣ ਮੈਂ ਨਰਿੰਦਰ ਸਿੰਘ ਵੱਲ ਚਲਿਆ ਹਾਂ, ਉਹਦੀ ਆਸ਼ਰਮ ਵਾਲਿਆਂ ਨਾਲ ਵਾਕਫਿਅਤ ਹੈ। ਤੇ ਮੇਰੀ ਗੱਲ ਕੰਨ ਖੋਲਕੇ ਸੁਣ ਲੈ, ਅੱਜ ਤੋਂ ਬਾਅਦ ਨੂੰਹ ਰਾਣੀ ਨੂੰ ਬਾਂਝ ਨਹੀਂ ਆਖਣਾ।

ਬੇਜੀ : ਨਹੀਂ ਆਖਦੀ, ਪਰ ਮੇਰੀ ਵੀ ਸੁਣ ਲਵੋ, ਇਸ ਘਰ ਵਿਚ ਮੇਰੇ ਪੁੱਤਰ ਦਾ ਪੁੱਤਰ ਹੀ ਖੇਡੇਗਾ।

ਬਾਪੂ ਜੀ : ਦੇਖ ਲਵਾਂਗੇ।

*(ਜਾਂਦਾ ਹੈ।)*

ਬੇਜੀ : (ਆਪਣੇ ਆਪ ਵਿਚ) ਆ ਗਏ ਵੱਡੇ ਨੂੰਹ ਦੇ ਹਮਾਇਤੀ। ਜਿਹੜੀ ਹੈ ਬਾਂਝ, ਉਹਨੂੰ ਬਾਂਝ ਹੀ ਕਹਿਣਾ ਏ, ਹੋਰ ਕੀ ਆਖਾਂ? ਗੋਦ ਲਿਆ ਬੱਚਾ ਵੀ ਕਦੀ ਆਪਣਾ ਹੋ ਸਕਦਾ ਹੈ?

*(ਨੂੰਹ ਆਉਂਦੀ ਹੈ।)*

ਨੂੰਹ : ਮੈਂ ਬੇਜੀ ਤੁਹਾਡੀਆਂ ਸਾਰੀਆਂ ਗੱਲਾਂ ਸੁਣ ਲਈਆਂ ਨੇ। ਭਲਾ ਦਸੋ ਇਸ ਵਿਚ ਮੇਰਾ ਕੀ ਕਸੂਰ?

ਬੇਜੀ : ਕਸੂਰ ਮੈਂ ਕੀ ਦਸਾਂ ਤੈਨੂੰ ਓਹੜ ਪੋਹੜ ਕਰਨਾ ਹੀ ਪੈਣਾ ਏ।

ਨੂੰਹ : ਮੈਂ ਕੀ ਓਹੜ ਪੋਹੜ ਨਹੀਂ ਕੀਤਾ? ਮੰਦਰਾਂ 'ਚ ਮੈਂ ਗਈ, ਗੁਰਦਵਾਰਿਆਂ 'ਚ ਮੈਂ ਗਈ ਇਕ ਪੁੱਤ ਦੇਈਂ ਵੇ ਰੱਬਾ ਦੀਆਂ ਸੁਖਾਂ ਸੁਖਦੀ ਰਹੀ ਹਾਂ, ਕੋਈ ਮੜ੍ਹੀ ਮਸਾਣ ਮੈਂ ਪੂਜਣ ਕੰਨਿਉਂ ਨਹੀਂ ਛੱਡਿਆ, ਜਿਸ ਕਿਸੇ ਨੇ ਦੱਸ ਪਾਈ ਉਹਨਾਂ ਨੂੰ ਨਾਲ ਲੈ ਕੇ ਡਾਕਟਰ ਵੈਦ ਕੋਲ ਮੈਂ ਗਈ ਤੇ ਇਹ ਸਭ ਕੁਝ ਤੁਹਾਨੂੰ ਪਤਾ ਏ।

ਬੇਜੀ : ਪਤਾ ਏ, ਸਭ ਪਤਾ ਏ, ਪਰ ਇਸ ਤੋਂ ਵੱਧ ਇਹ ਵੀ ਪਤਾ ਏ ਕਿ ਜੇ ਤੀਵੀ ਦੀ ਕੁੱਖ ਹਰੀ ਨਾ ਹੋਵੇ ਤਾਂ ਉਹਦਾ ਜਿਉਣਾ ਕੋਈ ਜਿਉਣਾ ਨਹੀਂ ਹੁੰਦਾ।

ਨੂੰਹ : ਮੈਂ ਕੀ ਕਰਾਂ? ਅਸੀਂ ਕੱਲ ਬਰਨਾਲੇ ਵਾਲੇ ਡਾਕਟਰ ਮਦਨ ਲਾਲ ਕੋਲ ਗਏ ਸੀ। ਉਹ ਕਹਿੰਦਾ ਸੀ, ਬਈ ਕੁੜੀ 'ਚ ਕੋਈ ਨੁਕਸ ਨਹੀਂ।

ਬੇਜੀ : ਨੀ ਕਿਹੜਾ ਬਰਨਾਲੇ ਵਾਲਾ ਡਾਕਟਰ?

ਨੂੰਹ : ਉਹੀ ਸੀਮਾ ਦਾ ਮਾਮਾ, ਕਹਿੰਦੇ ਨੇ ਬੜਾ ਸਿਆਣਾ ਡਾਕਟਰ ਐ। ਗੋਲੇ ਦੀ ਭਾਬੀ ਦਾ ਕੇਸ ਵੀ ਉਸਨੇ ਠੀਕ ਕੀਤਾ ਸੀ।

ਬੇਜੀ : ਵੇਖਾਂ ਕਿਧਰੋਂ ਕੱਢਿਐ ਤੂੰ ਸਿਆਣਾ ਡਾਕਟਰ, ਉਹਨੂੰ ਕੌਣ ਡਾਕਟਰ ਮੰਨਦੈ? ਚਾਰ ਸੀਸੀਆਂ ਗਲੂਕੋਜ਼ ਦੀਆਂ ਰਖੀ ਬੈਠਾ ਏ

ਦੁਕਾਨ 'ਤੇ, ਜਿਹੜਾ ਨਿਆਣੇ ਨਿੱਕਾ ਆਉਂਦੈ, ਸਭ ਨੂੰ ਲੋਦੇ ਲਾ ਦਿੰਦੈ।

ਨੂੰਹ : ਪਰ ਗੋਲੇ ਦੀ ਭਾਬੀ ਕਹਿੰਦੀ ਸੀ...।

ਬੇਜੀ : ਗੋਲੇ ਦੀ ਭਾਬੀ ਨੇ ਤਾਂ ਕਹਿਣਾ ਹੋਇਐ, ਜਦੋਂ ਅਗਲੀ ਦੇ ਆਦਮੀ 'ਚ ਹੀ ਨੁਸਖ ਸੀ, ਪਰ ਮੇਰੇ ਪੁੱਤ ਵਿਚ ਨਹੀਂ ਕੋਈ ਨੁੱਸਖ, ਮੇਰਾ ਪੁੱਤ ਤਾਂ ਨਿਰਾ ਦੁੱਧ ਐ, ਭੋਰਾ ਖੋਟ ਨਹੀਂ ਪੂਰਾ ਸੋਨਾ ਐ ਸੋਨਾ, ਅਜਕਲ ਤਾਂ ਸੁਣਿਐ ਹੁਣ ਅਗਲੇ ਵਿਆਹ ਤੋਂ ਪਹਿਲਾਂ ਕੁੜੀ ਦਾ ਡਾਕਟਰੀ ਮੁਆਇਨਾ ਕਰਵਾਉਂਦੇ ਨੇ। ਸਾਨੂੰ ਪਤਾ ਹੁੰਦਾ ਤਾਂ ਅਸੀਂ ਵੀ ਇਹ ਮੰਗ ਰੱਖ ਦੇਂਦੇ, ਦਾਜ ਦੂਜ ਨਾਲੋਂ ਇਹ ਗੱਲ ਬਹੁਤੀ ਜ਼ਰੂਰੀ ਏ।

ਨੂੰਹ : ਮਾਂ ਜੀ ਡਾਕਟਰੀ ਮੁਆਇਨੇ 'ਚ ਮੈਂ ਜਮਾਂ ਠੀਕ ਆਉਂਦੀ ਹਾਂ, ਮੇਰੇ 'ਚ ਭੋਰਾ ਨੁਕਸ ਨਹੀਂ।

ਬੇਜੀ : ਹੋਰ ਫਿਰ ਮੇਰੇ ਪੁੱਤ 'ਚ ਨੁੱਸਖ ਐ ? ਜੇ ਉਹਦੇ 'ਚ ਨੁਸਖ ਐ ਤਾਂ ਛਡਦੇ ਮੇਰੇ ਪੁੱਤ ਨੂੰ, ਮੈਂ ਤਾਂ ਹੋਰ ਵਿਆਹ ਲਿਆਊਂ, ਫੇਰ ਦੇਖੂੰ ਤੇਰੇ 'ਚ ਨੁਸਖ ਸੀ ਕਿ ਮੇਰੇ ਪੁੱਤ 'ਚ।

ਨੂੰਹ : ਇਹ ਤੁਸੀਂ ਕੀ ਕਿਹਾ ਬੇਜੀ ? ਸ਼ਰੀਫ ਘਰਾਂ ਦੇ ਬੰਦੇ ਇਹੋ ਜਿਹੀ ਗੱਲ ਸੋਚਦੇ ਵੀ ਨਹੀਂ, ਮੈਂ ਇਨ੍ਹਾਂ ਨੂੰ ਛੱਡ ਦੇਵਾਂ, ਮਰ ਨਹੀਂ ਜਾਵਾਂਗੀ, ਇਸ ਤੋਂ ਪਹਿਲਾਂ।

ਬੇਜੀ : ਨੀ ਮਰਨਾ ਐ ਤਾਂ ਆਪਣੇ ਘਰ ਜਾ ਕੇ ਮਰੀਂ। ਹੋਰ ਕਿਤੇ ਸਾਨੂੰ ਥਾਣੇ ਤਸੀਲਾਂ ਖੱਜਲ ਕਰਵਾਉਂਦੀ ਫਿਰੇ। ਆਪਣੇ ਪਿਉ ਨੂੰ ਕਹੀਂ ਬਈ ਤੇਰੇ ਵਾਸਤੇ ਕੋਈ ਸੂਰਮਾ ਲਭੇ। ਮੇਰੇ ਪੁੱਤ ਤੋਂ ਤਾਂ ਕੁਸ਼ ਬਣਿਆ ਨੀ।

ਨੂੰਹ : ਤੁਸੀਂ ਤਾਂ ਬੇਜੀ ਹਰ ਗੱਲ ਨੂੰ ਪੁੱਠੀ ਲੈ ਲੈਂਦੇ ਹੋ।

ਬੇਜੀ : ਆਹੋ ਮੈਂ ਗੱਲ ਪੁੱਠੀ ਲੈ ਲੈਂਦੀ ਹਾਂ। ਮੈਨੂੰ ਸਮਝ ਜੋ ਨਾ ਹੋਈ ਕੁਝ। ਇਕ ਬੇਵਕੂਫ ਡਾਕਟਰ ਨੇ ਕਹਿਤਾ ਕਿ ਆਦਮੀ 'ਚ ਨੁਸਖ ਏ ਤਾਂ ਤੂੰ ਦੁਧ ਧੋਤੀ ਹੋ ਗਈ ? ਭਲਾ ਆਦਮੀ 'ਚ ਵੀ ਕਦੇ ਨੁਖਸ ਹੋਏ ਨੇ ? ਨੁਖਸ ਤੀਵੀ 'ਚ ਹੀ ਹੁੰਦੈ, ਜੇ ਉਹਦੀ ਵਜ੍ਹਾ ਤਜ੍ਹਾ ਠੀਕ ਨਹੀਂ ਤਾਂ ਆਦਮੀ ਕੁਝ ਨਹੀਂ ਕਰ ਸਕਦਾ।

ਨੂੰਹ : ਮੈਂ ਤਾਂ ਤੁਹਾਡੇ ਨਾਲ ਹੋਰ ਗੱਲ ਕਰਨੀ ਸੀ।

ਬੇਜੀ : ਕੀ ?

ਨੂੰਹ : ਕਾਂਤਾ ਆਪਣੀ ਗਵਾਂਢਣ ਦੱਸਦੀ ਸੀ ਕਿ ਪਿੰਡ ਬਾਹਰ ਕੁਟੀਆ 'ਚ ਬਹੁਤ ਵੱਡੇ ਸੰਤ ਆਏ ਨੇ, ਨਿਰਾ ਰੱਬ ਦਾ ਰੂਪ, ਸਵਾਮੀ ਅੰਤਰਯਾਮੀ

ਜੀ ਮਹਾਰਾਜ, ਸਭ ਦੇ ਅੰਦਰ ਦੀਆਂ ਬੁੱਝਦੇ ਨੇ, ਬਹੁਤ ਕਰਨੀ ਆਲੇ ਸਾਧ ਨੇ ਲੋਕਾਂ ਦੇ ਮੁਰਦੇ ਜਿਉਂਦੇ ਕਰ ਦੇਂਦੇ ਨੇ, ਐਸੀ ਵਿਦਿਆ ਜਾਣਦੇ ਨੇ ਉਹ, ਕਹਿੰਦੇ ਐ ਰਾਖ ਦੀ ਚੁੱਟਕੀ ਦੇ ਕੇ ਰੰਕੋਂ ਰਾਜ ਬਣਾ ਦਿੰਦੇ ਨੇ, ਜੇ ਤੁਸੀਂ ਆਖੋ ਤਾਂ ਮੈਂ ਉਹਨਾਂ ਦੇ ਦਰਸ਼ਨ ਕਰ ਆਵਾਂ ?

ਬੇਜੀ : ਕਰਨੀ ਵਾਲੇ ਸਾਧ ਨੇ ਤਾਂ ਜ਼ਰੂਰ ਜਾ। ਕੀ ਪਤਾ ਉਹੀ ਰੇਖ ਵਿਚ ਮੇਖ ਮਾਰ ਦੇਣ। ਲੋਕ ਤਾਂ ਐਵੇਂ ਡਾਕਟਰਾਂ ਦੇ ਮਗਰ ਭੱਜਦੇ ਫਿਰਦੇ ਨੇ। ਤੇਰੀ ਕੁੱਖ ਹਰੀ ਹੋ ਜਾਏ ਅਸੀਂ ਜ਼ਰੂਰੀ ਮੁੰਡੇ ਲਈ ਦੂਜੀ ਸਹੇੜਨੀ ਏ, ਜੇ ਕਹੇਂ ਤਾਂ ਮੈਂ ਤੇਰੇ ਨਾਲ ਚਲੀ ਚਲਾਂਗੀ।

ਨੂੰਹ : ਕਾਂਤਾ ਕਹਿੰਦੀ ਸੀ ਮੈਂ ਕੱਲੀ ਜਾਵਾਂ, ਦੁਪਹਿਰੇ ਨੰਗੇ ਪੈਰੀਂ ਤੇ ਇਹ ਵੀ ਦਸਦੀ ਸੀ ਕਿ ਚਾਲੀ ਦਿਨ ਮੈਨੂੰ ਜਾਣਾ ਪਵੇਗਾ।

ਬੇਜੀ : ਹਾਂ ਧੀਏ ਕੁੱਖਾਂ ਐਵੇਂ ਹਰੀਆਂ ਹੋ ਜਾਂਦੀਆਂ ਨੇ ? ਸਾਧਨਾ ਕਰਨੀ ਹੀ ਪੈਂਦੀ ਏ। ਜਿਸ ਤਰ੍ਹਾਂ ਕਾਂਤਾ ਕਹਿੰਦੀ ਏ ਤੂੰ ਉਸੇ ਤਰ੍ਹਾਂ ਹੀ ਕਰ। ਮੁੰਡਾ ਇਥੇ ਹੁੰਦਾ ਤਾਂ ਉਹਦੇ ਕੱਲੋਂ ਪੁੱਛ ਲੈਂਦੀ ਨਰਮੇ ਦਾ ਭਾਅ ਟਿਕਦਾ ਨਹੀਂ ਪਿਆ, ਪਤਾ ਨਹੀਂ ਮੰਡੀ ਕਿੰਨੇ ਦਿਨ ਲੱਗ ਜਾਣ।

ਨੂੰਹ : ਚੰਗਾ ਏ ਬੇਜੀ, ਉਹ ਇਥੇ ਨਹੀਂ, ਕਾਂਤਾ ਕਹਿੰਦੀ ਸੀ ਮਰਦਾਂ ਨੂੰ ਇਸ ਗੱਲ ਦਾ ਪਤਾ ਨਹੀਂ ਲੱਗਣਾ ਚਾਹੀਦਾ।

ਬੇਜੀ : ਮੈਂ ਤਾਂ ਉਹਦੇ ਆਉਣ 'ਤੇ ਵੀ ਕੁਝ ਨਹੀਂ ਦਸਾਂਗੀ। ਉਂਝ ਵੀ ਮਰਦਾਂ ਨੂੰ ਇਹੋ ਜਿਹੀਆਂ ਗੱਲਾ ਦਾ ਪਤਾ ਨਹੀਂ ਲਗਣਾ ਚਾਹੀਦਾ। ਤੀਵੀਆਂ ਦੇ ਸੋ ਪਰਦੇ ਹੁੰਦੇ ਨੇ, ਤੂੰ ਆ ਮੇਰੇ ਨਾਲ ਚੌਂਕੇ 'ਚ ਤੈਨੂੰ ਮਿੱਠਾ ਚਖਾਵਾਂ ਸ਼ਗਨ ਹੁੰਦਾ ਹੈ।

*(ਦੋਨੋਂ ਜਾਂਦੀਆਂ ਹਨ।)*

## ਸੀਨ 2

(ਸਾਧ ਦਾ ਡੇਰਾ। ਪਿੱਠ ਭੂਮੀ 'ਤੇ ਸਲੋਕ ਪੜ੍ਹੇ ਜਾ ਰਹੇ ਨੇ। ਸਾਧ ਦਾ ਆਸਨ ਤੇ ਡੇਰਾ ਹੈ, ਨੂੰਹ ਆਕੇ ਮੱਥਾ ਟੇਕਦੀ ਹੈ, ਸਾਧ ਟੇਢੀ ਅੱਖ ਨਾਲ ਵੇਖਦਾ ਹੈ।)

ਨੂੰਹ : ਮਹਾਰਾਜ ਇਕ ਬੇਨਤੀ ਕਰਨੀ ਏ।

ਸਾਧ : ਹਮੇਂ ਸਭ ਕੁਸ਼ ਮਾਲੁਮ ਹੈ ਬਾਲਿਕੇ।

ਨੂੰਹ : ਤੁਸੀਂ ਜਾਣੀ ਜਾਣ ਹੋ ਮਹਾਰਾਜ।

ਸਾਧ : ਦੁੱਖੀ ਮਤ ਹੋ, ਭਗਵਾਨ ਤੁਮਹਾਰੀ ਮਨੋਕਾਮਨਾ ਪੂਰੀ ਕਰੇਂਗੇ, ਤੁਮਹਾਰੀ ਝੋਲੀ ਭਰ ਜਾਏਗੀ। ਇਸਕੇ ਲੀਏ ਤੁਮਹੇ ਸਾਧਨਾ ਕਰਨੀ ਪੜੇਗੀ।

ਨੂੰਹ : ਮੈਂ ਹਰ ਸਾਧਨਾਂ ਕਰਨ ਲਈ ਤਿਆਰ ਹਾਂ। ਤੁਸੀਂ ਹੁਕਮ ਕਰੋ ਮੈਨੂੰ ਕੀ ਕਰਨਾ ਪਵੇਗਾ ?

ਸਾਧ : ਚਾਲੀਸ ਦਿਨ ਲਗਾਤਾਰ ਹਮਾਰੀ ਕੁਟੀਆ ਮੇਂ ਪਾਠ ਕਰਨੇ ਆਣਾ ਹੋਗਾ। ਪ੍ਰਭੂ ਨੇ ਚਾਹਾ ਤੁਮਹਾਰੇ ਦਿਨ ਫਿਰ ਜਾਏਂਗੇ। ਸੰਤਾਨ ਕੇ ਲੀਏ ਹਮ ਯੱਗ ਆਜ ਹੀ ਸ਼ੁਰੂ ਕਰੇਂਗੇ। ਅੱਜ ਕਾ ਦਿਨ ਸ਼ੁਭ ਦਿਨ ਹੈ।

ਨੂੰਹ : ਯੱਗ ਤੇ ਅੱਜ ਹੀ, ਮੈਂ ਸਮਝੀ ਨਹੀਂ ਮਹਾਰਾਜ।

ਸਾਧ : ਸਭ ਸਮਝ ਜਾਉਗੀ ਬਾਲਿਕੇ। ਯੇਹ ਯੱਗ ਆਜ ਹੀ ਨਹੀਂ ਬਲਕਿ ਅਭੀ ਸ਼ੁਰੂ ਕਰੇਂਗੇ। ਸ਼ੁਭ ਕਾਮ ਮੇਂ ਦੇਰ ਨਹੀਂ ਹੋਣੀ ਚਾਹੀਏ।

ਨੂੰਹ : ਮਹਾਰਾਜ ਮੈਂ ਤਾਂ ਯੱਗ ਦੀ ਤਿਆਰੀ ਹੀ ਨਹੀਂ ਕੀਤੀ।

ਸਾਧ : ਹਮਾਰੀ ਕੁਟੀਆ ਮੇਂ ਆ ਗਈ ਹੋ, ਤਿਆਰੀ ਹਮ ਹੀ ਕਰੇਂਗੇ।

ਨੂੰਹ : ਮਹਾਰਾਜ ਮੈਨੂੰ ਕੀ ਕਰਨਾ ਪਵੇਗਾ ?

ਸਾਧ : ਆਂਖੇ ਬੰਦ ਕਰਕੇ ਆਪਣੇ ਆਪ ਕੋ ਹਮਾਰੇ ਅਰਪਨ ਕਰਦੇ ਸੁੰਦਰੀ।

ਨੂੰਹ : ਆਪਣੇ ਆਪ ਨੂੰ ਅਰਪਨ ਕਰ ਦੇਵਾਂ, ਨਹੀਂ, ਨਹੀਂ, ਇਹ ਪਾਪ ਹੈ ਮਹਾਰਾਜ।

ਸਾਧ : ਕੈਸਾ ਪਾਪ, ਕੈਸਾ ਪੁੰਨ ?

ਨੂੰਹ : (ਘਬਰਾਈ ਹੋਈ ਆਵਾਜ਼ ਵਿਚ) ਮੈਂ ਤਾਂ ਸੋਚਿਆ ਸੀ... ..।

ਸਾਧ : ਕਿਆ ਸੋਚਾ ਥਾ ਸੁੰਦਰੀ ?

ਨੂੰਹ : ਤੁਸੀਂ ਦਵਾਈ ਦੇ ਕੇ, ਪੁੜੀਆਂ ਨਾਲ ਰੇਖ 'ਚ ਮੇਖ ਮਾਰਦੇ ਹੋ।

ਸਾਧ : ਪਾਗਲ ਮਤ ਬਣੋ, ਭਗਵਾਨ ਕਾ ਜੋ ਹੁਕਮ ਹੈ, ਉਸ ਕੇ ਮੁਤਾਬਿਕ ਹੀ ਹਰ ਕਾਮ ਚਲਤਾ ਹੈ।

ਨੂੰਹ : ਭਗਵਾਨ ਦਾ ਹੁਕਮ ?

ਸਾਧ : ਹਾਂ ਭਗਵਾਨ ਨੇ ਸੰਸਾਰ ਕੀ ਰਚਨਾ ਕਾ ਸਿਰਫ ਏਕ ਹੀ ਤਰੀਕਾ ਬਣਾਇਆ ਹੈ।

ਨੂੰਹ : ਇਕ ਹੀ ਤਰੀਕਾ ?

ਸਾਧ : ਹਾਂ ਏਕ ਹੀ ਤਰੀਕਾ, ਸਿਰਫ ਏਕ ਹੀ ਤਰੀਕਾ। ਔਰ ਵੋ ਹੈ ਨਰ ਔਰ ਮਾਦਾ ਕਾ ਮੇਲ, ਚਾਹੇ ਪਸ਼ੂ ਹੋ ਯਾ ਆਦਮੀ, ਪੌਦਾ ਹੋ ਯਾ ਪਕਸ਼ੀ ਬਿਨਾਂ ਨਰ ਔਰ ਮਾਦਾ ਕੇ ਮੇਲ ਸੇ ਕੋਈ ਨਸਲ ਆਗੇ ਨਹੀਂ ਬੜ੍ਹਤੀ। ਯੇਹ ਰਾਖ, ਯੇ ਦਵਾਦਾਰੂ ਤੋ ਸਿਰਫ ਦੁਨੀਆ ਕੀ ਨਜ਼ਰੋਂ ਮੇਂ ਧੂਲ ਝੋਂਕਣੇ ਕੇ ਲੀਏ ਹੈ ਤੁਮਹੇ ਭੀ ਏਕ ਪੁੜੀ ਦੇਂਗੇ ਜੋ ਰਾਤ ਕੋ ਅਪਣੀ ਔਰ ਪਤੀ ਕੀ ਸੇਜ ਪਰ ਧੂਲ ਦੇਣਾ।

ਨੂੰਹ : ਪਰ ਮਹਾਰਾਜ ਮੇਰੇ ਇਸਤਰੀ ਧਰਮ 'ਚ ਵਿਘਨ ਪੈ ਜਾਵੇਗਾ, ਨਹੀਂ

ਨਹੀਂ ਇਹ ਅਨਰਥ ਏ। ਮੈਂ ਆਪਣੇ ਪਤੀ ਨੂੰ ਧੋਖਾ ਨਹੀਂ ਦੇ ਸਕਦੀ।

ਸਾਧ : ਤੁਮਹਾਰੀ ਮਰਜੀ ਹੈ ਬਾਲਿਕੇ, ਹਮ ਤੁਮਹੇ ਮਜਬੂਰ ਨਹੀਂ ਕਰਤੇ ਹਮ ਤੋ ਤੁਮਹਾਰੇ ਉਪਰ ਉਪਕਾਰ ਕਰ ਰਹੇ ਹੈਂ, ਤੁਮਹਾਰਾ ਕਲਿਆਣ ਇਸੀ ਮੇਂ ਹੈ, ਜਿਸ ਪਤੀ ਕੀ ਤੁਮਹੇ ਇਤਨੀ ਚਿੰਤਾ ਹੈ, ਵੋ ਪਤੀ ਤੁਮਹੇ ਸ਼ੀਘਰ ਹੀ ਛੋੜਕਰ ਦੂਸਰੀ ਔਰਤ ਲੇ ਆਏਗਾ।

ਨੂੰਹ : ਨਹੀਂ ਉਹ ਔਲਾਦ ਲਈ ਜੇ ਦੂਜਾ ਵਿਆਹ ਕਰਨ ਲਈ ਮਜਬੂਰ ਵੀ ਕਰ ਦਿਤੇ ਗਏ ਤਾਂ ਉਹ ਮੈਨੂੰ ਵਿਸਾਰ ਨਹੀਂ ਸਕਣਗੇ।

ਸਾਧ : ਯੇਹ ਤੇਰਾ ਵਹਿਮ ਹੈ ਬਾਲਿਕੇ, ਜਿਸਕੋ ਤਾਜ਼ਾ ਫੁਲਕਾ ਮਿਲ ਜਾਏ, ਵੋਹ ਫਿਰ ਬਾਸੀ ਰੋਟੀ ਨਹੀਂ ਖਾਤਾ। ਫਿਰ ਮਤ ਭੂਲੋ ਕਿ ਤੁਮ ਜੋ ਭੀ ਕਰ ਰਹੀ ਹੋ, ਪਤੀ ਕੇ ਲੀਏ ਹੀ ਕਰ ਰਹੀ ਹੋ, ਉਸੇ ਖੁਸ਼ ਕਰਨੇ ਕੇ ਲੀਏ। ਪਤੀ ਕੇ ਲੀਏ ਔਰਤੇਂ ਜਲਤੀ ਆਗ ਮੇਂ ਕੂਦ ਜਾਤੀ ਹੈਂ, ਔਰ ਤੁਮਹਾਰਾ ਬਲਿਦਾਨ ਤੋ ਬਹੁਤ ਤੁੱਛ ਹੈ... ਤੁਮ ਯੇ ਕਾਮ ਏਕ ਅੰਧੇਰੇ ਘਰ ਮੇਂ ਰੋਸ਼ਨੀ ਲਾਨੇ ਕੇ ਲੀਏ ਕਰ ਰਹੀ ਹੋ, ਔਰ ਉਸ ਕਾਮ ਮੇਂ ਹਮ ਤੁਮਹਾਰਾ ਸਾਥ ਦੇ ਰਹੇ ਹੈਂ। ਇਸ ਕਾਰਯ ਮੇਂ ਹਮੇਂ ਕੁਛ ਮਿਲਣੇ ਵਾਲਾ ਨਹੀਂ। ਹਮ ਸੰਸਾਰਕ ਜੀਵ ਨਹੀਂ। ਸਰੀਰ ਸੇ ਅਬ ਹਮਾਰਾ ਕੋਈ ਰਿਸਤਾ ਨਹੀਂ, ਹਮਾਰੀ ਲੋਅ ਉਪਰ ਲਗੀ ਹੋਈ ਹੈ। ਹਮਨੇ ਦੇਹ ਕੇ ਪਾਂਚ ਚੋਰੋਂ ਕੋ ਕਾਬੂ ਕਰ ਲੀਆ ਹੈ। ਸੰਸਾਰ ਮੇਂ ਹਮ ਦੁਨੀਆ ਕਾ ਭਲਾ ਕਰਨੇ ਕੇ ਲੀਏ ਹੀ ਆਏ ਹੈਂ। ਕਈ ਸੂਨੀ ਗੋਦੀਓਂ ਕੋ ਹਮਨੇ ਆਪਣੇ ਦਾਨ ਸੇ ਭਰ ਦੀਆ।

ਨੂੰਹ : ਦਾਨ?

ਸਾਧ : ਹਾਂ ਦਾਨ, ਕੋਈ ਧਨ ਦਾਨ ਕਰਤਾ ਹੈ, ਕੋਈ ਅੰਨ ਦਾਨ ਕਰਤਾ ਹੈ ਤਥਾ ਕੋਈ ਰਾਜਯ ਤਕ ਦਾਨ ਕਰ ਦੇਤਾ ਹੈ, ਹਮ ਸੰਤਾਨ ਦਾ ਕਾਨ ਦੇਤੇ ਹੈਂ ਜੋ ਸਭ ਸੇ ਬੜਾ ਦਾਨ ਹੈ, ਮਹਾਦਾਨ ਕਹਿਲਾਤਾ ਹੈ। ਕਿਤਨੇ ਘਰੋਂ ਕੋ ਟੂਟਨੇ ਸੇ ਹਮਨੇ ਬਚਾਇਆ ਹੈ। ਕਿਤਨੀ ਬਾਂਝ ਔਰਤੋਂ ਕੋ ਪੁੱਤਰ ਦਾਨ ਦੀਏ ਹੈਂ ਹਮਨੇ, ਅਬ ਤੁਮਹਾਰੀ ਮਰਜ਼ੀ ਹੈ।

*(ਨੂੰਹ ਸੋਚ ਅਤੇ ਸ਼ਸ਼ੋਪੰਜ ਵਿਚ ਹੈ, ਪਿਛੋਂ ਬੇਜੀ ਦੀ ਆਵਾਜ਼)*

ਬੇਜੀ : (ਆਵਾਜ਼) ਤੂੰ ਇਕ ਸੁੱਕੀ ਟਾਹਣੀ ਵਾਂਗ ਲਟਕ ਰਹੀਂ ਏਂ ਜਿਸਤੇ ਫਲ ਤੇ ਕੀ ਕਦੀ ਫੁੱਲ ਵੀ ਨਹੀਂ ਟਹਿਕਿਆ... ਤੂੰ ਬਾਂਝ ਏ... ਭਲਾ ਆਦਮੀ 'ਚ ਕਦੇ ਨੁਖਸ ਹੋਏ ਨੇ, ਨੁਖਸ ਤਾਂ ਤੀਵੀ 'ਚ ਹੀ ਹੁੰਦੈ, ਜੇ ਉਹਦੀ ਵਜ੍ਹਾ ਤਜ੍ਹਾ ਠੀਕ ਨਹੀਂ ਤਾਂ ਆਦਮੀ ਕੁਛ ਨਹੀਂ ਕਰ ਸਕਦਾ... ਤੂੰ ਬਾਂਝ ਏਂ...

ਨੂੰਹ : (ਆਪਣੇ ਆਪ ਵਿਚ) ਨਹੀਂ... ਮੈਂ ਸਾਂਝ ਨਹੀਂ... ਮੈਂ ਬਾਂਝ ਨਹੀਂ,

ਮੈਂ ਸਾਬਤ ਕਰਾਂਗੀ ਕਿ ਮੈਂ ਬਾਂਝ ਨਹੀਂ, ਮੈਂ ਸੁੱਕੀ ਟਾਹਣੀ ਨਹੀ, ਮੇਰੇ 'ਚ ਕੋਈ ਨੁਕਸ ਨਹੀਂ... ਪਰ... ..।

ਸਾਧ : ਸੋਚੋ ਨਹੀਂ, ਹਮਾਰੇ ਸਾਥ ਭੋਰੇ ਮੇਂ ਚਲੀ ਆਉ।

*(ਨੂੰਹ ਸਾਧ ਵੱਲ ਵੱਧਦੀ ਹੈ ਪਰ ਫੇਰ ਪਿਛੇ ਹੱਟ ਜਾਂਦੀ ਹੈ।)*

ਸਾਧ : ਤੁਮ ਜੀਵਨ ਕਾ ਯੁਧ ਲੜ ਰਹੀ ਹੈ ਬਾਲਿਕੇ, ਤੁਮਨੇ ਆਪਣੇ ਪਤੀ ਕੋ ਵਾਪਸ ਜੀਤਨਾ ਹੈ ਔਰ ਯੁਧ ਤਥਾ ਪ੍ਰੇਮ ਮੇਂ ਸਭ ਉਚਿਤ ਹੈ, ਚਲੀ ਆਓ, ਬਾਲਿਕੇ ਚਲੀ ਆਓ, ਯੇਹੀ ਤੁਮਹਾਰੇ ਲਈ ਸਵਰਗ ਕਾ ਰਾਸਤਾ ਹੈ।

*(ਅਗੇ ਵੱਧਦੀ ਹੈ, ਜਦੋਂ ਸਾਧ ਹੱਥ ਪਾਉਣ ਲੱਗਦਾ ਹੈ ਤਾਂ ਨਹੀਂ ਨਹੀਂ ਕਹਿਕੇ ਉਹ ਪਿਛੇ ਦੌੜ ਪੈਂਦੀ ਹੈ। ਸਾਧ ਵੀ ਉਸ ਪਾਸੇ ਵੱਧਦਾ ਹੈ, ਪਰ ਫੇਰ ਖੜਾ ਹੋ ਜਾਂਦਾ ਹੈ।) ਅੱਜ ਤੋਂ ਚਿੜੀਆ ਹਾਥ ਸੇ ਨਿਕਲ ਗਈ। ਕੋਈ ਬਾਤ ਨਹੀਂ ਵਾਪਸ ਆਏਗੀ। ਹੌਲੀ ਹੌਲੀ ਦੂਜੇ ਪਾਸੇ ਨਿਕਲ ਜਾਂਦਾ ਹੈ।)*

## ਸੀਨ 3

(ਪਹਿਲੇ ਵਾਲੀ ਥਾਂ)

ਬੇਜੀ : ਹੇ ਰੱਬਾ, ਮੇਹਰ ਕਰੀਂ ਮੇਰੀ ਨੂੰਹ ਦੀ ਕੁੱਖ ਹਰੀ ਕਰ ਦੇਵੇਂ ਤਾਂ ਮੈਂ ਤੇਰੇ ਦਰਬਾਰ ਵਿਚ 101 ਰੁਪਏ ਦਾ ਪ੍ਰਸ਼ਾਦ ਕਰਵਾਵਾਂਗੀ।

*(ਪ੍ਰਸ਼ਾਦਿ ਸੁੱਖਣ ਦੀ ਮੁਦਰਾ ਵਿਚ ਹੈ ਜਦੋਂ ਬਾਪੂ ਜੀ ਬਾਹਰੋਂ ਆਉਂਦੇ ਹਨ।)*

ਬਾਪੂ ਜੀ : ਕਾਹਦਾ ਪ੍ਰਸ਼ਾਦਿ ਸੁੱਖ ਰਹੀ ਏਂ ?

ਬੇਜੀ : ਤੁਹਾਨੂੰ ਕੀ, ਤੁਸੀਂ ਜਾਓ ਅਨਾਥ ਆਸ਼ਰਮ, ਲੈ ਆਓ ਕੋਈ ਅਨਾਥ ਬੱਚਾ ਜਿਸਦੇ ਮਾਂ-ਪਿਓ ਦਾ ਪਤਾ ਨਾ ਹੋਵੇ।

ਬਾਪੂ ਜੀ : ਉਹ ਤਾਂ ਮੈਂ ਗੱਲ ਕਰ ਆਇਆ ਹਾਂ।

ਬੇਜੀ : ਪਰ ਹੁਣ ਉਹਦੀ ਲੋੜ ਨਹੀਂ ਪੈਣੀ। ਰੱਬ ਨੇ ਚਾਹਿਆ ਤਾਂ ਵਿਹੜੇ ਵਿਚ ਬਾਲ ਖੇਡੇਗਾ। ਕਰਨੀ ਵਾਲੇ ਸਾਧ ਜ਼ਰੂਰ ਰੇਖ 'ਚ ਮੇਖ ਮਾਰਨਗੇ। ਰੱਬ ਸਾਡੀ ਜ਼ਰੂਰ ਸੁਣੇਗਾ।

ਬਾਪੂ ਜੀ : ਇਹ ਤੂੰ ਕੀ ਗੱਲ ਕਰ ਰਹੀ ਏਂ ? ਕਿਹੜਾ ਕਰਨੀ ਵਾਲਾ ਸਾਧ ? ਨੂੰਹ ਰਾਣੀ ਕਿਥੇ ਗਈ ਏ ?

ਬੇਜੀ : ਬੜੀ ਕਰਨੀ ਵਾਲੇ ਸਾਧ ਆਏ ਨੇ ਉਹ ਰੇਖ ਵਿਚ ਮੇਖ ਮਾਰਦੇ ਨੇ। ਬਾਂਝ ਔਰਤ ਨੂੰ ਸੰਤਾਨ ਦੇਂਦੇ ਨੇ। ਨੂੰਹ ਰਾਣੀ ਸਾਧਨਾ ਕਰੇਗੀ ਪੂਰੇ ਚਾਲੀ ਦਿਨ। ਉਹ ਮੂਰਖ ਡਾਕਟਰ ਕਹਿੰਦਾ ਸੀ, ਮੇਰੇ ਪੁੱਤਰ ਵਿਚ

ਨੁਸਖ ਏ, ਪਰ ਹੁਣ ਸਾਬਤ ਹੋ ਜਾਏਗਾ, ਮੇਰਾ ਪੁੱਤਰ ਮਰਦ ਏ, ਪੂਰਾ ਮਰਦ ਏ।

ਬਾਪੂ ਜੀ : ਸਾਧ ਕਰਨੀ ਵਾਲਾ ਏ, ਕੁੜੀ ਸਾਧਨਾ ਕਰੇਗੀ ਤੇ ਸਾਬਤ ਹੋ ਜਾਏਗਾ ਕਿ ਮੁੰਡਾ ਤਰ੍ਹਾਂ ਮਰਦ ਏ, ਇਹ ਗੱਲ ਕੋਈ ਸਮਝ ਨਹੀਂ ਲੱਗੀ।

ਬੇਜੀ : ਇਹ ਗੱਲਾਂ ਤੁਹਾਨੂੰ ਸਮਝ ਨਹੀਂ ਲੱਗਣੀਆਂ ਤੇ ਨਾ ਹੀ ਇਹ ਤੁਹਾਡੀਆਂ ਕਿਤਾਬਾਂ ਵਿਚ ਨੇ।

ਬਾਪੂ ਜੀ : ਆਹੋ ਇਹ ਗੱਲਾਂ ਮੇਰੀਆਂ ਕਿਤਾਬਾਂ ਵਿਚ ਨਹੀਂ, ਪਰ ਸਾਧਾਂ ਦੇ ਡੇਰਿਆਂ ਵਿਚ ਕੀ ਹੁੰਦਾ ਏ, ਇਹਦਾ ਮੈਨੂੰ ਪਤਾ ਏ।

ਬਾਪੂ ਜੀ : ਇਹਨਾਂ ਸਾਧਾਂ ਵੱਲੋਂ ਤੀਵੀਆਂ ਨੂੰ ਸੰਤਾਨ ਦੇਣ ਦਾ ਰਾਜ਼।

ਬੇਜੀ : ਰਾਜ਼ ?

ਬਾਪੂ ਜੀ : ਹਾਂ ਇਹ ਹੱਟੇ ਕੱਟੇ ਸਾਧ ਬੜੀ ਤਿਲਕਵੀਂ ਭਾਸ਼ਾ ਵਿਚ ਡੇਰੇ ਗਈਆਂ ਤੀਵੀਆਂ ਨੂੰ ਸ਼ਬਦਾਂ ਦੇ ਜਾਲ ਵਿਚ ਫਸਾਉਂਦੇ ਨੇ ਗਲਾਂ ਗਲਾਂ ਵਿਚ ਉਨ੍ਹਾਂ ਦੀ ਚੇਤਨਾ ਨੂੰ ਸੁੰਨ ਕਰ ਦੇਂਦੇ ਨੇ। ਤੇ ਫੇਰ ਉਹਲਾਂ ਦੇ ਸਰੀਰਾਂ ਨਾਲ ਖੇਡਦੇ ਨੇ। ਤੀਵੀਆਂ ਸੰਤਾਨ ਵੱਲੋਂ ਉਮੀਦਵਾਰ ਹੋ ਜਾਂਦੀਆਂ ਨੇ ਤੇ ਕਿਹਾ ਜਾਂਦਾ ਹੈ ਕਿ ਕਰਨੀ ਵਾਲੇ ਸਾਧ ਦੀ ਕਰਨੀ ਹੋਈ ਹੈ।

ਬੇਜੀ : ਮਤਲਬ ਕਿ ਸਾਡੀ ਨੂੰਹ ਨਾਲ ਵੀ... ?

ਬਾਪੂ ਜੀ : ਹੁਣ ਮੈਂ ਆਪਣੇ ਮੂੰਹੋਂ ਕਿਉਂ ਕਵਾਂ, ਪਰ ਜੋ ਅਸਲੀਅਤ ਹੈ ਉਸਤੋਂ ਕੌਣ ਮੁਨਕਰ ਹੋ ਸਕਦਾ ਏ ? ਇਹ ਆਪਣੇ ਆਪ ਵਿਚ ਤ੍ਰਾਸਦੀ ਏ,ਸਮਾਜਿਕ ਤ੍ਰਾਸਦੀ ਏ ਜੋ ਸਾਡੀਆਂ ਸਦੀਆਂ ਪੁਰਾਣੀਆਂ ਵੇਲਾ ਵਿਹਾ ਚੁਕੀਆਂ ਰੀਤੀਆਂ ਦੀ ਦੇਣ ਏ।

ਬੇਜੀ : ਕਿਹੜੀਆਂ ਰੀਤੀਆਂ ?

ਬਾਪੂ ਜੀ : ਇਹੋ ਕਿ ਜੇ ਸੰਤਾਨ ਨਾ ਹੋਵੇ ਤਾਂ ਇਸਨੂੰ ਜ਼ਿੰਦਗੀ ਦਾ ਇਕ ਸਰਾਪ ਮੰਨਿਆ ਜਾਏ, ਸਗੋਂ ਇਹ ਨਾ ਸੋਚਿਆ ਜਾਏ ਕਿ ਇਹ ਇਕ ਕੁਦਰਤ ਦਾ ਵਰਤਾਰਾ ਏ। ਇਸਨੂੰ ਖਿੜੇ ਮੱਥੇ ਪਰਵਾਨ ਕੀਤਾ ਜਾਏ, ਸਬਰ ਕੀਤਾ ਜਾਏ, ਪਰ ਵਿਚ ਰੌਣਕ ਚਾਹੀਦੀ ਏ ਤਾਂ ਜਿਸ ਤਰ੍ਹਾਂ ਮੈਂ ਸੋਚਦਾ ਹਾਂ ਕੋਈ ਬੱਚਾ ਗੋਦ ਲਿਆ ਜਾ ਸਕਦਾ ਏ, ਜਿਸਦੇ ਨਾਲ ਕਿਸੇ ਅਭਾਗੇ ਬੱਚੇ ਦਾ ਜੀਵਨ ਸਫਲ ਹੋ ਜਾਏ ਤੇ ਗੋਦ ਲੈਣ ਵਾਲੇ ਨੂੰ ਵੀ ਖੁਸ਼ੀ ਮਿਲੇ।

ਬੇਜੀ : ਇਹ ਤੁਸੀਂ ਮੇਰੀ ਫੇਰ ਸੁਣ ਲਵੋ, ਗੋਦ ਲਿਆ ਬੱਚਾ ਆਪਣਾ ਬੱਚਾ ਨਹੀਂ ਹੋ ਸਕਦਾ।

ਬਾਪੂ ਜੀ : ਹਾਂ ਕਿਸੇ ਹੋਰ ਦਾ ਬੱਚਾ ਗੋਦ ਵਿਚ ਨਹੀਂ ਲਿਆ ਜਾ ਸਕਦਾ ਪਰ ਕਿਸੇ ਪਰਾਏ ਮਰਦ ਦਾ ਬੀਜ ਕੁੱਖ ਵਿਚ ਪਾਲਿਆ ਜਾ ਸਕਦਾ ਏ।

ਬੇਜੀ : ਤੁਸੀਂ ਚੁਪ ਵੀ ਕਰੋ ਮੈਂ ਤੁਹਾਡੇ ਅੱਗੇ ਹੱਥ ਜੋੜਦੀ ਹਾਂ ਕਿ ਕੋਈ ਗੱਲ ਨਾ ਕਰੋ ਨੂੰਹ ਰਾਣੀ ਕਿਸੇ ਵੇਲੇ ਵੀ ਆ ਸਕਦੀ ਏ, ਸੁਣੇਗੀ ਤਾਂ ਦੁੱਖੀ ਹੋਵੇਗੀ।

ਬਾਪੂ ਜੀ : ਮੈਂ ਕਿਉਂ ਉਹਨੂੰ ਦੁਖੀ ਕਰਾਂਗਾ? ਮੈਨੂੰ ਤਾਂ ਉਹਦੇ ਨਾਲ ਸਗੋਂ ਹਮਦਰਦੀ ਏ। ਤੂੰ ਚੱਤੇ ਪਹਿਰ ਉਹਦੀ ਜਾਨ ਦੁੱਖੀ ਕੀਤੀ ਹੋਈ ਏ। ਬਾਂਝ, ਬੰਜਰ ਜ਼ਮੀਨ, ਸੁੱਕੀ ਕੁੱਖ ਪਤਾ ਨਹੀਂ ਕੀ ਕੀ ਕਹਿਕੇ ਉਹਦਾ ਜੀਣਾ ਮੁਸ਼ਕਿਲ ਕੀਤਾ ਹੋਇਆ ਏ। ਹਰ ਵੇਲੇ ਉਹਨੂੰ ਆਪਣੇ ਪੁੱਤ ਦੇ ਦੂਜੇ ਵਿਆਹ ਦੇ ਡਰਾਵੇ ਦੇਂਦੀ ਰਹਿੰਦੀ ਏ। ਮੈਂ ਹਮੇਸ਼ਾਂ ਸੋਚਦਾ ਹਾਂ ਕਿ ਅੱਧਅੱਕਲੇ ਲੋਕ ਕਦ ਤੱਕ ਆਪਣੀਆਂ ਚੋਭਵੀਆਂ ਗੱਲਾਂ ਨਾਲ ਬੇਦੋਸ਼ਿਆਂ ਦੀਆਂ ਜ਼ਿੰਦਗੀਆਂ ਔਖੀਆਂ ਕਰਦੇ ਰਹਿਣਗੇ?

ਬੇਜੀ : ਚੋਭਵੀਆਂ ਗੱਲਾਂ?

ਬਾਪੂ ਜੀ : ਇਸਤੋਂ ਵੱਧ ਚੋਭਵੀਆਂ ਗੱਲਾਂ ਹੋਰ ਕੀ ਹੋ ਸਕਦੀਆਂ ਨੇ ਕਿ ਇਕ ਤੀਵੀ ਜਿਸਦੀ ਔਲਾਦ ਇਸ ਕਰਕੇ ਨਹੀਂ ਕਿ ਡਾਕਟਰਾਂ ਦੇ ਕਹਿਣ ਅਨੁਸਾਰ ਉਹਦਾ ਮਰਦ ਇਸ ਯੋਗ ਨਹੀਂ ਕਿ ਉਹਦੀ ਪਤਨੀ ਦੀ ਸੰਤਾਨ ਹੋਵੇ ਪਰ ਪਤਨੀ ਨੂੰ ਉਠਦੇ ਬੈਠਦੇ ਇਹ ਸੁਨਣਾ ਪਵੇ ਕਿ ਉਹ ਬਾਂਝ ਏ, ਸੁਕੀ ਟਾਹਣੀ ਏ ਕਿਨ੍ਹਾ ਵੱਡਾ ਜ਼ੁਲਮ ਹੈ ਇਹ ਔਰਤ ਉਤੇ।

ਬੇਜੀ : ਆਹੋ ਹੁਣ ਕਹਿ ਲਵੋ ਜੋ ਕਹਿਣਾ ਚਾਹੁੰਦੇ ਹੋ।

ਬਾਪੂ ਜੀ : ਕਹਿਣਾ ਇਹੋ ਵੇ ਕਿ ਸਾਡੇ ਸਮਾਜ ਵਿਚ ਅੱਧੀ ਅਬਾਦੀ ਔਰਤਾਂ ਦੀ ਏ ਪਰ ਉਨ੍ਹਾਂ ਵਿਚੋਂ ਬਹੁਤੀਆਂ ਦੀ ਜਾਨ ਕਿਸੇ ਨਾ ਕਿਸੇ ਪੱਜ ਦੁੱਖੀ ਕੀਤੀ ਜਾਂਦੀ ਏ। ਜੇ ਔਲਾਦ ਨਾ ਹੋਵੇ ਤਾਂ ਔਰਤ ਕਸੂਰਵਾਰ, ਜੇ ਉਤੋਂ ਕੁੜੀਆਂ ਹੋ ਜਾਣ ਤਾਂ ਔਰਤ ਕਸੂਰਵਾਰ।

*(ਨੂੰਹ ਰਾਣੀ ਦੌੜਦੀ ਹੋਈ ਆਉਂਦੀ ਹੈ, ਘਬਰਾਈ ਹੋਈ ਹੈ, ਸਾਹ ਚੜ੍ਹਿਆ ਹੋਇਆ ਹੈ।)*

ਨੂੰਹ : ਬੇਜੀ, ਬੇਜੀ... ਮੈਨੂੰ ਬਚਾ ਲਵੋ।

ਬੇਜੀ : ਕੀ ਹੋਇਆ ਧੀਏ?

ਨੂੰਹ : ਬੇਜੀ ਮੈਨੂੰ ਬਚਾ ਲਵੋ ਉਹ ਮਗਰ ਆ ਰਿਹੈ, ਉਹ ਮੈਨੂੰ ਖਾ ਜਾਵੇਗਾ।

ਬੇਜੀ : ਕੌਣ ਖਾ ਜਾਵੇਗਾ?

ਨੂੰਹ : ਉਹ ਸਾਧ।

ਬੇਜੀ : ਸਾਧ ?

ਨੂੰਹ : ਮੈਨੂੰ ਕਹਿਣ ਲੱਗਾ, ਮੇਰੀ ਸੰਤਾਨ ਹੋ ਸਕਦੀ ਏ ਜੇ ਮੈਂ ਆਪਣੇ ਆਪ ਨੂੰ ਉਸਦੇ ਅਰਪਨ ਕਰ ਦੇਵਾਂ।

ਬੇਜੀ : ਇਹ ਤੂੰ ਕੀ ਪਈ ਕਹਿੰਦੀ ਏਂ ?

ਨੂੰਹ : ਅਖੇ ਜੇ ਮੈਂ ਨਾ ਕੀਤਾ ਤਾਂ ਮੇਰਾ ਪਤੀ ਹੋਰ ਵਿਆਹ ਕਰ ਲਵੇਗਾ। ਉਹ ਆ ਰਿਹਾ ਏ ਉਹਦੀ ਆਵਾਜ਼ ਮੇਰੇ ਕੰਨਾ ਵਿਚ ਪੈ ਰਹੀ ਏ।

ਆਵਾਜ਼ : ਜਿਸ ਪਤੀ ਕੀ ਤੁਮਹੇ ਇਤਨੀ ਚਿੰਤਾ ਹੈ, ਵੋ ਪਤੀ ਤੁਮਹੇ ਸ਼ੀਘਰ ਹੀ ਛੋੜਕਰ ਦੂਸਰੀ ਔਰਤ ਲੇ ਆਏਗਾ। ਜਿਸਕੋ ਤਾਜ਼ਾ ਫੁਲਕਾ ਮਿਲ ਜਾਏ, ਵੋਹ ਫਿਰ ਬਾਸੀ ਰੋਟੀ ਨਹੀਂ ਖਾਤਾ।

ਨੂੰਹ : ਬੇਜੀ ਉਹ ਆ ਰਿਹਾ ਏ। ਉਹਦੀਆਂ ਲਾਲ ਲਾਲ ਅੱਖਾਂ ਮੈਨੂੰ ਦਿਸ ਰਹੀਆਂ ਨੇ ਮੈਨੂੰ ਬਚਾ ਲਵੋ, ਬੇਜੀ ਮੈਂ ਤੁਹਾਡੀ ਹਰ ਗੱਲ ਮੰਨਾਂਗੀ ਜੇ ਉਹਨੇ ਮੈਨੂੰ ਫੜ ਲਿਆ ਤਾਂ ਮੈਂ ਕਿਸੇ ਨੂੰ ਮੂੰਹ ਵਿਖਾਉਣ ਜੋਗੀ ਨਹੀਂ ਰਹਾਂਗੀ, ਬਾਪੂ ਜੀ ਮੈਨੂੰ ਬਚਾ ਲਵੋ।

ਬਾਪੂ ਜੀ : ਨਹੀਂ ਧੀਏ ਤੈਨੂੰ ਕੋਈ ਕੁਝ ਨਹੀਂ ਕਹਿ ਸਕਦਾ। ਤੂੰ ਆਪਣੇ ਘਰ ਵਿਚ ਏਂ।

ਬੇਜੀ : ਹਾਂ ਧੀਏ ਇਹ ਤੇਰਾ ਘਰ ਏ।

ਨੂੰਹ : ਨਹੀਂ ਇਹ ਮੇਰਾ ਘਰ ਨਹੀਂ, ਇਹ ਮੇਰੀ ਸੌਂਕਨ ਦਾ ਘਰ ਏ– ਮੈਂ ਬਾਂਝ ਹਾਂ।

ਬਾਪੂ ਜੀ : ਨਹੀਂ ਧੀਏ, ਤੂੰ ਬਾਂਝ ਨਹੀਂ, ਸਗੋਂ ਬਾਂਝ ਸਮਾਜ ਦੀ ਸੋਚ ਏ ਜੋ ਵਿਹਲੜ ਸਾਧਾਂ ਨੂੰ ਸਤਿਕਾਰਦੀ ਏ, ਮਨੁਖ ਦੀ ਜਨਨੀ ਨੂੰ ਦੁਰਕਾਰਦੀ ਏ।

*(ਬਾਪੂ ਜੀ ਨੂੰਹ ਰਾਣੀ ਦੇ ਸਿਰ 'ਤੇ ਹੱਥ ਰੱਖਕੇ ਅਸ਼ੀਰਵਾਦ ਦੇਂਦੇ ਹਨ ਬੇਜੀ ਇਸਨੂੰ ਕਲਾਵੇ ਵਿਚ ਲੈਂਦੇ ਹਨ ਤੇ ਨਾਟਕ ਖਤਮ ਹੁੰਦਾ ਹੈ।)*